ਸਹੇਵੇ ਸਾਹਿਬ ਦਾ ਇਤਹਾਸ

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।

ਸਹੇਵੇ ਸਾਹਿਬ ਦਾ ਇਤਹਾਸ

ਇਸ ਤੀਰਥ ਦਾ ਇਤਹਾਸ

ਤ੍ਰੇਤੇ ਜੁਗ ਤੋਂ ਮਹਾਂ ਰਿਸ਼ੀਆਂ ਚਰਨ ਪਾਏ – ਇਕ ਭਗਤ ਸਾਂਈ ਦਾਸ ਨੇ ਇਥੇ ਨਗਰ ਵਸਾਇਆ – ਇਸਦਾ ਨਾਮ ਸਾਂਈਦਾਸਪੁਰਾ ਸੀ – ਇਥੇ ਇਕ ਸਰੋਵਰ (ਤਲਾਬ) ਹੋਣ ਕਰਕੇ ਮੁਸਾਫਰ ਦਰਖਤਾਂ ਹੇਠ ਬਿਸਰਾਮ ਕਰਦੇ ਤੋ ਇਸ ਦਾ ਨਾਮ ਸਾਹਿਆ ਹੋ ਗਿਆ – ਦਸਮੇਸ਼ ਜੀ ਨੇ ਇਸ ਦਾ ਨਾਮ ਸਹੇਵਾ ਸਾਹਿਬ ਲਿਖਿਆ । ਤ੍ਰੇਤੇ ਜੁਗ ਵਿਚ ਇਥੇ ਸ੍ਰੀ ਰਾਮਚੰਦਰ ਜੀ ਸੀਤਾ ਦੀ ਭਾਲ ਵਿਚ ਆਏ – ਰਾਮਾਇਣ ਦੇ ਯੁੱਧ ਵਿਚ ਲਛਮਣ ਮੂਰਛ ਹੋਇਆ – ਹਨੂਮਾਣ ਜੀ ਸੰਜੀਵਨੀ ਬੂਟੀ ਦਾ ਪਹਾੜ ਲੈਕੇ ਆਇਆ ਇਥੇ ਠੇਹਰਿਆ ਸੀ ।

ਦੁਆਪਰ ਵਿਚ ਪਾਂਡਵਾਂ ਨੂੰ ਬਨਵਾਸ ਹੋਇਆ – ਬੀਕਾਨੇਰ ਦੇ ਦਖਣ ਵਲ ਲੋਹਾਗਲ ਤੀਰਥ ਪੁਰ ਪਾਂਡਵਾਂ ਦੀਆਂ ਬੇੜੀਆਂ ਦੇ ਸੰਗਲ ਟੁਟੇ – ਫਿਰ ਇਸ ਤੀਰਥ ਪੁਰ ਆਕੇ ਹਵਨ ਕੀਤਾ – ਨੀਸ਼ਾਨ ਅਜੇ ਤਕ ਹੈਨ – ਭੀਮਸੈਨ ਨੇ ਇਥੋ ਨਜ਼ਦੀਕ ਬਾਏ ਨਗਰ ਤੀਰ ਮਾਰ ਕੇ ਧਰਤੀ ਵਿਚੋ ਪਾਣੀ ਕਢਿਆ ਸੀ – ਜਿਥੇ ਅੱਜ ੨ ਖੂਹ ਹੈਨ – ਕ੍ਰਿਸਨ ਭਗਵਾਨ ਜੀ ਰੁਕਮਣੀ ਨੂੰ ਹਸਤਨਾਪੁਰ ਨੂੰ ਜਾਂਦੇ ਇਥੇ ਠਹਿਰੇ ਸਨ ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਗਮਣ

ਸੰਸਾਰ ਨੂੰ ਤਾਰਦੇ ਹੋਇਆਂ – ਗੁਰੂ ਜੀ ਭਾਈ ਬਾਲਾ – ਮਰਦਾਨਾ ਸਮੇਤ ਜਦੋ ਇਥੇ ਆਏ – ਇਕ ਲੱਖੀ ਵਣਜਾਰਾ (ਲੁਬਾਣਾ) ਬਿਉਪਾਰ ਕਰਦੇ ਆਪਣੇ ਕਾਫਲੇ ਘੋੜੇ, ਖਚਰਾਂ ਸਮੇਤ ਪਾਣੀ ਦੀ ਭਾਲ ਵਿਚ ਇਥੇ ਆਏ – ਤਾਂ ਤਾਲਾਬ ਵਿਚੋ ਪਾਣੀ ਸੁਕ ਚੁਕਾ ਸੀ – ਆ ਸਤਿਗੁਰਾਂ ਦੀ ਦਰਸ਼ਨ ਕਰ ਚਰਨੀ ਲਗਾ – ਸਤਿਗੁਰਾਂ ਕਿਹਾ ਆਉ ਲੱਖੀ ਸ਼ਾਹ – ਲੱਖੀ ਅਰਜ਼ ਕੀਤੀ ਮਹਾਰਾਜ, ਜਲ ਦੀ ਭਾਲ ਵਿਚ ਆਏ ਸਾਂ, ਜਲ ਨਹੀ ਮਿਲਿਆ । ਗੁਰੂ ਜੀ ਭਾਈ ਬਾਲੇ ਨੂੰ ਹੁਕਮ ਕੀਤਾ ਕਿ ਕਰਮੰਡਲ ਵਿਚੋ ਜਲ ਛਕਾਉ । ਤਾਂ ਲੱਖੀ ਫਿਰ ਅਰਜ਼ ਕੀਤੀ ਪਾਤਸ਼ਾਹ ਮੇਰੇ ਸਾਥੀ ਅਤੇ ਊਠ ਘੋੜੇ ਨਾਲ ਹਨ । ਅੰਤਰਜਾਮੀ ਕਿਹਾ ਕਿ ਸਾਰਿਆਂ ਨੂੰ ਲੈਕੇ ਆਉ – ਸਭ ਦੀ ਪਰਾਲੱਬਦ ਨਿਰੰਕਾਰ ਨੇ ਲਿਖੀ ਹੈ – ਅਤੇ ਸਤਿਗੁਰਾਂ ਨੇ ਭਾਈ ਬਾਲੇ ਨੂੰ ਹੁਕਮ ਕੀਤਾ ਕਿ ਤਲਾਬ ਵਿਚ ਟੋਆ ਪੁਟਕੇ ਕਰਮੰਡਲ ਦਾ ਜਲ ਪਾ ਦਿਉ – ਭਾਈ ਬਾਲੇ ਹੁਕਮ ਮਨ ਜਿਉ ਹੀ ਕਰਮੰਡਲ ਦਾ ਜਲ ਪਾਇਆ ਤਲਾਬ ਜਲ ਨਾਲ ਭਰ ਗਿਆ । ਪਵਨ ਪਾਣੀ ਸਤਿਗੁਰਾਂ ਦੇ ਹੁਕਮ ਵਿਚ । ਲਖੀ ਸ਼ਾਹ ਦੇ ਸਾਥੀ – ਊਠ ਘੋੜੇ ਸਮੇਤ ਸਭਨੇ ਜਲ ਛਕਿਆ – ਮਾਨੋ ਅੰਮ੍ਰਿਤ ਰੂਪੀ ਜਲ ਛਕ ਕੇ ਜਨਮਾਂ ਦੇ ਪਾਪ ਕਟੇ ਗਏ – ਪਾਤਸ਼ਾਹ ਨੇ ਸਭ ਨੂੰ ਨਾਮ ਦਾਤ ਬਖਸ਼ੀ – ਲਖੀ ਸ਼ਾਹ ਨੇ ਇਸੇ ਖੁਸ਼ੀ ਵਿਚ ਤਾਲਾਬ ਪਾਸ ਥੜਾ ਅਤੇ ਸਰੋਵਰ ਦੀ ਸੇਵਾ ਕੀਤੀ ।

ਨੋਟ – ਇਹ ਸਹੇਵਾ ਸਾਹਿਬ ਦੀ ਲਿਖਤ ਖਾਸ ਕਰਕੇ ਮਾਨਯੋਗ ਸੰਤ ਤਰਨ ਸਿੰਘ ਵੈਹਮੀ ਹੋਰਾਂ ਦੀ ਰਚਿਤ ਪੁਸਤਕ ਦਾ ਆਸਰਾ ਲਿਆ ਹੈ, ਜਿਨਾਂ ਦਾ ਦਾਸ ਹਾਰਦਿਕ ਧੰਨਵਾਦੀ ਹੈ – ਜਿਨਾਂ ਨੇ ਆਪਣਾ ਜੀਵਨ ਹੀ ਗੁਰੂ ਜਸ ਲਿਖਣ ਪੁਰ ਲਾ ਦਿਤਾ ।

ਦਸਮੇਸ਼ ਜੀ – ਦਮਦਮੇ ਤੋ ਸਹੇਵੇ ਸਾਹਿਬ

ਸ੍ਰੀ ਦਸਮੇਸ਼ ਜੀ ਦਮਦਮੇ (ਸਾਬੋ ਕੀ ਤਲਵੰਡੀ) ੧੭੦੪ –੫ ਈਸਵੀ ੧੭੬੨ ਬਿਕਰਮੀ ਨੂੰ ਕੋਈ ੯ ਮਹੀਨੇ ਰਹੇ – ਉਥੇ ਡੱਲਾ ਸਰਦਾਰ ਸੇਵਕ ਬਣਿਆ – ਅਨੇਕ ਕੌਤਕ ਕਰਦੇ ਹੋਏ – ਇਕ ਦਿਨ ਰੰਗ ਵਿਚ ਆਕੇ ਅਗੋ ਦੇ ਔਣ ਵਾਲੇ ਸਮੇ ਦੀ ਰਮਜ ਡਲੇ ਨਾਲ ਬਚਨ ਕਰਦਿਆਂ ਜੰਗਲ ਵਲ ਇਸ਼ਾਰਾ ਕੀਤਾ – ਕਿ ਦੇਖ ਡੱਲਿਆ ਨੈਹਰਾਂ ਅਤੇ ਕਣਕ ਫਸਲਾਂ ਦੇ ਖੇਤ – ਅਲਪੱਗ ਡਲੇ ਕਿਹਾ – ਪਾਤਸ਼ਾਹ ਇਹ ਤਾਂ ਰੇਤਾ ਦੇ ਖੇਤ ਹੈਨ । ਨਾ ਭਾਈ ਡੱਲਿਆ ਅੰਬਾਂ ਦੇ ਖੇਤ – ਤਾਂ ਡਲੇ ਕਿਹਾ ਪਾਤਸ਼ਾਹ ਇਹ ਤਾਂ ਜੰਡ ਅਕਾਂ ਦੇ ਪੌਦੇ ਹਨ । ਸੋ ਪਾਤਸ਼ਾਹ ਦੇ ਬਚਨ ਅਜ ਸਾਖਿਆਤ ਪੂਰੇ ਹੋਏ ਹੈਨ ।

ਅਗੇ ਇਥੋ ਪਾਤਸ਼ਾਹ ਸਰਸਾ ਨਹਿਰ, ਹਰੀ ਕੇ ਪਤਣ ਹੁੰਦੇ ਹੋਏ ਸਹੇਵੇ ਤੀਰਥ ਪੁਜੇ । ਇਥੇ ਡੇਰਾ ਕੀਤਾ – ਆਪ ਨੇ ਕਮਰਕਸਾ ਖੋਲਕੇ ਰਖਿਆ – ਵਿਚੋ ਸਵਾ ਗਿਠ ਸੱਪ ਕਾਲੇ ਰੰਗ ਦਾ ਨਿਕਲਕੇ ਪਾਸ ਹੀ ਜੰਡ ਦਰਖਤ ਪੁਰ ਚੜਕੇ ਛਪਨ ਹੋ ਗਿਆ । ਕੌਤਕਾਂ ਦੇ ਰਚਨ ਵਾਲੇ ਪਾਤਸ਼ਾਹ ਨੇ ਭਾਈ ਦੈਯਾ ਸਿੰਘ ਨੂੰ ਕਿਹਾ ਕਿ ਦੇਖੋ ਭਾਈ ਜੀ । ਹੁਕਮ ਮੰਨ ਕੇ ਤੀਸਰੀ ਵਾਰ ਚੜੇ ਤਾਂ ਦਸਿਆ ਕਿ ਪਾਤਸ਼ਾਹ ਚਾਰ ਪੱਤੀਆਂ ਪਿਪਲ ਦੀਆਂ ਦੋ ਟਾਹਣੀਆਂ ਦੁਸਾੜ ਵਿਚ ਦੇਖੀਆਂ ਹੈਨ । ਆਕੇ ਅਰਜ਼ ਕੀਤੀ । ਪਾਤਸ਼ਾਹ ਆਪ ਦੀ ਕੀ ਅਸਚਰਜ ਲੀਲਾ ਹੈ । ਤਾਂ ਅੰਤਰਜਾਮੀ ਭਵਿਖਤ ਸਮੇ ਦੀ ਦਸੀ ਕਿ ਇਹ ਪਿਪਲ ਸਮੇ ਸਮੇ ਵੱਧ ਕੇ ਜੰਡ ਨੂੰ ਖਾ ਜਾਇਗਾ ਕਿ ਜਦੋ ਫੇਰ ਅਸੀ ਆਵਾਂਗੇ – ਇਸ ਪਿਪਲ ਵਾਂਗੂ ਖਾਲਸਾ ਸਾਡਾ ਸਾਰੇ ਸੰਸਾਰ ਵਿਚ ਫੈਲ ਜਾਇਗਾ ਅਤੇ ਜੰਡ ਰੁਪੀ ਮਲੇਛ ਰਾਜ ਅਤੇ ਮਲੇਛ ਰਾਜ ਖਤਮ ਹੋਸੀ । ਜੋ ਬਚਨ ਉਗ੍ਰਦੰਤੀ ਵਿਚ ਪਾਤਸ਼ਾਹ ਜੀ ਫਰਮਾਏ ਹੈਨ ।

ਸਗਲ ਸ੍ਰਿਸਟ ਮੇ ਖਾਲਸਾ ਪੰਥ ਗਾਜੇ ।
ਜਗੇ ਧਰਮ ਹਿੰਦੁਕ ਤੁਰਕਨ ਦੁੰਦ ਭਾਜੈ ।
ਮਿਟੇ ਵੇਦ ਸ਼ਸਿਤਰ ਅਠਾਰਾਂ ਪੁਰਾਨਾ ।

ਮਿਟੇ ਵਾਂਗ ਸੁਲਵਲਤ ਸੁਨਤ ਕੁਰਾਨਾ ।
ਯਹੀ ਦੇ ਆਗਿਆ ਤੁਰਕਨ ਗੈਹ ਖਪਾਉ ।
ਗਊ ਘਾਤ ਕਾ ਦੋਖ ਜੱਗ ਸਿਉ ਮਿਟਾਉ ।
ਨਾ ਛਾਂਡਉ ਕਹੂੰ ਅਸੁਰ ਦੁਸ਼ਟਨ ਨਿਸ਼ਾਨੀ ।
ਚਲੇ ਸਭ ਜਗਤ ਮੇ ਧਰਮ ਕੀ ਕਹਾਣੀ ।

ਇਹ ਵੀ ਫੁਰਮਾਇਆ ਕਿ ਕਿ ਇਹ ਸਪ (ਕਾਲ) ਅਸੀ ਪੰਜਾਬ ਵਿਚੋ ਕਢ ਕੇ ਲਿਆਏ ਸੀ – ਸੋ ਦੁਰਭਿਖ ਇਧਰ ਬਾਂਗਰ ਦੇਸ ਪਏਗਾ । ਇਥੇ ਸਾਡੇ ਸਿੰਘ ਆਕੇ ਪਾਠ ਕਰਨਗੇ ਤਾਂ ਬਿਪਤਾ ਦੂਰ ਹੋਇਗੀ । ਦਸਮੇਸ਼ ਜੀ ਇਥੋ ਦਖਣ ਦੇਸ ਨੂੰ ਚਾਲੇ ਪਾ ਨਦੇੜ ਪਹੁੰਚੇ । ਪਾਠ ਇਸ ਤਰਿਥ ਪੁਰ ਕਰਨ ਵਾਸਤੇ ਦਸਮੇਸ਼ ਜੀ ਦੇ ਹੁਕਮ ਪੂਰੇ ਕਰਨ ਵਾਸਤੇ – ਸਮੇ ਦੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ੧੯੨੧ ਈ: ਨੂੰ ੧੧੧ ਪਾਠ ਕੀਤੇ ਫਿਰ ੧੯੫੧ ਨੂੰ ੫੧੮ ਪਾਠ ਪੂਰਨ ਮਰਯਾਦਾ ਨਾਲ ਕੀਤੇ । ੧੯੨੧ ਵਿਚ ਜੰਡ ਦੀ ਪਿਪਲ ਵਿਚ ਤ੍ਰੇੜ ੩ ਫੁਟ ਲੰਬੀ ੫ ਇੰਚ ਚੌੜੀ ਬਾਕੀ ਸੀ ਅਤੇ ੧੯੫੧ ਵਿਚ ਸਿਰਫ ੬ ਇੰਚ * ੩ ਇੰਚ ਰੈਹ ਗਈ ਸੀ । ੧੯੫੭ ਵਿਚ ਜਾਕੇ ਦੇਖਿਆ ਖਤਮ ਹੋ ਚੁਕੀ ਸੀ । ਜੰਡ ਖਤਮ ਹੋ ਚੁਕਾ ਸੀ । ਪਿਪਲ ਦਾ ਆਕਾਰ ੨੯ ਫੁਟ ਲਪੇਟ – ੧੫੦ ਫੁਟ ਲੰਬੇ ਟਾਹਣੇ – ੭ ਫੁਟ ਉਚੀ ਛਤਰੀ – ਦਸਮੇਸ਼ ਜੀ ਦੇ ਬਚਨ ਪੂਰੇ ਕਰਨ ਵਾਸਤੇ ਜੋ ਘਾਲਣਾ ਸਤਿਗੁਰੂ ਪ੍ਰਤਾਪ ਸਿੰਘ ਜੀ ਘਾਲੀ – ਉਹ ਵਾਰਤਾ ਅਗਲੀ ਲਿਖਤ ਵਿਚ ਵਰਨਨ ਹੈ ।

ਸ੍ਰੀ ਦਸਮੇਸ਼ ਜੀ ਸਹੇਵੇ ਸਾਹਿਬ – ਕਾਵ ਰਚਨਾ

ਗਿਆਨੀ ਗਿਆਨ ਸਿੰਘ – ਪੰਥ ਪ੍ਰਕਾਸ਼

ਦੌਲਤ ਰਾਮ ਸਿੰਘ ਗੁਰਾਂ ਦੇ ਦਰਸ਼ਨਾਂ ਨੂੰ

ਦੌਲਤ ਰਾਮ ਪੁਰਤ ਸੁਣ ਆਯੋ, ਸਰਧਾ ਸਹਤ ਗੁਰ ਪੱਗ ਸਿਰ ਲਾਯੋ ।
ਆਦਰ ਸਹਿਤ ਸੇਵ ਅਬ ਕਰੀ, ਭਲੋ ਭਾਗ ਜਾਨ ਤਿਸ ਕਰੀ ।
ਗੁਰ ਪੂਛਾ ਕਿਤਨੇ ਸੁਤ ਭਾਈ, ਤੋਰ ਦਯਾ ਸੇ ਪਾਂਚ ਵਧਾਈ ।
ਸ੍ਰੀ ਗੁਰ ਪੂਛਾ ਪਾਂਚਵਾਂ ਕਹਾਂ, ਬੋਲਾ ਬਉਰਾ ਫਿਰਤ ਹੀ ਤਹਾਂ ।
ਹੁਕਮ ਹੋਯਾ ਢੂੰਡ ਤਿਸ ਲਿਆਵੋ, ਬਉਰਾ ਨਾਮ ਤੁਮ ਕਿਆ ਸਦਾਵੋ ।
ਬੋਲਾ ਲਾਲੂ ਸੁਣ ਗੁਰ ਬੋਲੇ, ਲਾਲ ਛੁਪਾ ਹੈ ਤ੍ਰਿਣ ਉਲੇ ।
ਸੂਧਾ ਨਹੀ ਇਹ ਸੂਰਾ ਭਾਈ, ਬੌਰਾ ਨਹੀ ਇਹ ਬਾਲਾ ਰਾਈ ।
ਜੋਧਾ ਲਾਲ ਸਾਥ ਇਸਕੋ ਦੇਵੇ, ਬਿਪਤ ਪੜੇ ਤੇ ਹਮ ਸੁਧ ਲੇਵੇ ।
ਅੰਮ੍ਰਿਤ ਦੇਗ ਤਿਆਰ ਗੁਰ ਕਰੀ, ਲਾਲ ਸਿੰਘ ਸਜਿਓ ਤਿਸ ਘਰੀ ।
ਪ੍ਰਸੰਨ ਹੋਇ ਗੁਰ ਵਾਕ ਆਲਾਯੋ, ਇਸੀ ਹੇਤ ਈਹਾਂ ਹਮ ਆਯੋ ।
ਬੈਠੇ ਸ੍ਰੀ ਗੁਰ ਤਾਲ ਕਨਾਰੇ, ਖੋਲਯੋ ਕਮਰਕਸੇ ਗੁਰ ਪਿਆਰੇ ।
ਤਿਸ ਤੇ ਨਿਕਸ ਸਾਂਪ ਨੰਸ ਗਯੋ, ਪਿਖ ਸਿਖਨ ਬਿਸਮ ਮਨ ਭਯੋ ।
ਹਾਥ ਜੋਰ ਸਿਖ ਅਰਜ ਗੁਜਾਰੀ, ਹੇ ਗੁਰ ਕਿਆ ਹੇ ਖੇਡ ਨਿਆਰੀ ।
ਗੁਰ ਜੀ ਕਹਾ ਬੰਧ ਲਿਆਏ ਕਾਲ, ਦਖਨ ਦੂਰ ਲਿਜਾਵਨ ਖਿਆਲ ।
ਗੁਰ ਅਸਥਾਨ ਜਾਨ ਇਹ ਦੌਰਾ, ਗੁਰ ਰਜਾਇ ਬਯੋ ਭਲ ਔਰਾ ।
ਸਿੰਘਨ ਢੂੰਡਾ ਸੋ ਨਹ ਪਾਯੋ, ਗੁਰ ਅਸਚਰਜ ਹੈ ਖੇਡ ਬਨਾਯੋ ।
ਹੁਕਮ ਦੈਯਾ ਸਿੰਘ ਚੜੋ ਜੰਡ ਉਪਰ, ਨੱਨੇ ਪਾਤ ਦਿਖਾਏ ਪੀਪਰ ।
ਗੁਰ ਉਚਰੋ ਕਲ ਕਾਲ ਜੰਡ ਚੂਹੜਾ, ਸਤਿਜੁਗ ਪਉਪਲ ਬਿੱਪਰ ਰੂੜਾ ।
ਜਬੈ ਜੰਡ ਕੋ ਇਹ ਢੱਕ ਲੈ ਹੈ, ਦੁਰਭਿਖ ਘਟੈ ਅੱਨ ਉਪਜੈ ਹੇ ।
ਸਾਹਿਆ ਨਹੀ ਇਹ ਥਾਨ ਸੁਹਾਵਾ, ਰਾਮ ਕ੍ਰਿਸ਼ਨ ਗੁਰ ਨਾਨਕ ਭਾਵਾ ।
ਰੇਤ ਟਿਬਨ ਕੇ ਸੋਹੇ ਦੁਆਰੇ, ਨਾਮ ਸਹੇਵਾ ਸਾਹਿਬ ਪਿਆਰੇ ।
ਜਬ ਜੂਹੇ ਹੋਇ ਡੋਲਨ ਬੇਰੀ, ਤਬ ਹੀ ਉਗਵੇ ਜਿਨਸ ਵਧੇਰੀ ।

ਸੂਰਜ ਪ੍ਰਕਾਸ

ਅਲੱਪ ਮੰਜਲ ਕਰ ਉਤਰੇ ਆਏ, ਸਪਤ ਕੋਸ ਪਰ ਗਰਾਮ ਜੋ ।
ਨਾਮ ਸਹੇਵਾ ਤਿਸਕੋ ਜਾਨ, ਉਤਰਿਓ ਡੇਰਾ ਸਭਹੂੰ ਆਨ ।
ਤਹਾਂ ਜੰਡ ਇਕ ਸਨਮੁਖ ਖਰਿਓ,ਤਿਸ ਮਹਿ ਚਲਦਲ ਇਕ ਲੱਗ ਪਰਿਯੋ ।
ਅਵਲੋਕਤ ਪ੍ਰਭੁ ਵਾਕ ਬਖਾਨਾ, ਇਹ ਜਬ ਚਲ ਦਲ ਵਧਹ ਮਹਾਨਾ ।
ਤਲੇ ਜੰਡ ਕੋ ਲਏ ਦਬਾਈ, ਸਭ ਦਿਸ ਤੇ ਉਪਰ ਜਇ ਛਾਈ ।
ਤਬੇ ਖਾਲਸਾ ਵਧਹ ਅਪਾਰਾ, ਗੋਡਲੀ ਚਲਹਿ ਤੁਰਕ ਕੋ ਮਾਰਾ ।
ਸੁਨ ਸਿਖਨ ਗੁਰ ਟੇਕਿਓ ਮਾਥਾ, ਧੰਨ ਧੰਨ ਤੁਮ ਸ੍ਰੀ ਗੁਰੂ ਨਾਥਾ ।

ਪਰੋਫੈਸਰ ਕਰਤਾਰ ਸਿੰਘ ਜੀ ਧਰਮ ਪੋਥੀ ਪੰਨਾ ੭- ੮, ੨੯-੩੦ ਪੁਰ ਲਿਖਦੇ ਹਨ

ਗੁਰੂ ਨਾਨਕ ਜੀ ਇਥੇ ਆਏ- ਭਾਈ ਬਾਲਾ ਜੀ ਨੇ ਇਥੇ ਸਿਖਾਂ ਗੁਰੂ ਨਾਨਕ ਜੀ ਦਾ ਜਨਮ ਕੱਤਕ ਦੀ ਪੂਰਨਮਾਸ਼ੀ ਦਾ ਮਨੌਣਾ ਦਸਿਆ । ਦਸ਼ਮੇਸ਼ ਜੀ ੧੯੬੩ ਬਿ: ਨੂੰ ਇਥੇ ਆਏ ।

ਸ੍ਰ: ਕਾਨ ਸਿੰਘ ਜੀ ਨਾਭਾ ਦੀ ਲਿਖਤ

ਭਾਈ ਸਾਹਿਬ ਜੀ ੧੯੨੯ ਈ: ਵਿਚ ਇਥੇ ਆਏ - ਦਸਮ ਪਾਤਸ਼ਾਹ ਜੀ ਦੇ ਗੁਰਦੁਆਰੇ ਦੇ ਦਰਵਾਜੇ ਉਪਰ ਦਸਤਖਤ ਕਰਕੇ ਲਿਖਿਆ ਸੀ (ਭਾਈ ਕਾਨ ਸਿੰਘ ਨਾਭਾ - ੧੯੨੯ ਈ:)

ਸਹੇਵਾ ਸਾਹਿਬ ਰਿਆਸਤ ਰਾਜਸਥਾਨ - ਨਜਾਮਤ ਰਾਜਗੜ- ਤਹਸੀਲ ਰਿਣੀ ।

ਸਰਸੇ ਤੋ ੩੦ ਕੋਸ ਹੈ, ਦਸਮ ਜੀ ਦਖਣ ਨੂੰ ਜਾਂਦੇ ਹੋਇ ਇਥੇ ਬਰਾਜੇ । ਤਲਾਬ ਦੇ ਕਿਨਾਰੇ ਗੁਰਦੁਆਰਾ ਹੈ । ਦਸ਼ਮੇਸ਼ ਜੀ ਦੇ ਸਮੇਂ ਦਾ ਇਕ ਜੰਡ ਅਤੇ ਪਿਪਲ ਹੈ । ਉਸ ਵਕਤ ਪਿਪਲ ਬਹੁਤ ਛੋਟਾ ਜੰਡ ਵਿਚ ਓਗਿਆ ਸੀ । ਸਤਿਗੁਰ

ਜੀ ਦਾ ਬਚਨ ਸੀ ਕਿ ਜਦੋ ਇਸ ਜੰਡ ਨੂੰ ਪਿਪਲ ਖਾ ਜਾਇਗਾ ਤਦ ਦੇਸ ਦੀ ਦੁਰਭਿਖ ਦੂਰ ਹੋ ਜਾਇਗੀ । ਬਾਕੀ ਹੈ । ਇਸ ਤੋ ੨੫ ਫੁਟ ਦੂਰ ਇਕ ਪੱਥਰ ਚਟਾਨ ਉਪਰ ਘੋੜੇ ਦੇ ਪੁੜਾਂ ਦੇ ਨਿਸਾਨ ਹੈਨ ।

ਪੰ: ਤਾਰਾ ਸਿੰਘ ਜੀ ਨਿਰੋਤਮ ਗੁਰ ਤੀਰਥ ਸਗ੍ਰੈਹ ਪੰਨਾ ੧੫੯ ਪੁਰ ਲਿਖਦੇ ਹਨ ਕਿ ਸਹੇਵਾ ਸਾਹਿਬ ਭਾਦਰੇ ਦੀ ਰਿਆਸਤ ਓਥੋਂ ੭ ਕੋਸ ਹੈ । ਗੁਰਦੁਆਰਾ ਗੁਰੂ ਨਾਨਕ ਜੀ ਕਾ ਅਰ ਗੁਰੂ ਗੋਬਿੰਦ ਸਿੰਘ ਜੀ ਕਾ ਇਕੋ ਜਗਾ ਪਰ ਹੈਨ । ਜਬ ਗੁਰੂ ਗੋਬਿੰਦ ਸਿੰਘ ਜੀ ਉਥੇ ਗਏ ਸੀ ਤਾਂ ਜੰਡ ਉਪਰ ਪੀਪਲ ਛੋਟਾ ਲਗਾ ਦੇਖਕੇ ਕਿਹਾ ਸੀ – ਜਬ ਇਸ ਜੰਡ ਕੋ ਪੀਪਲ ਖਾ ਜਾਇਗਾ । ਤਬ ੱਲਸੇ ਕਾ ਰਾਜ (ਤੇਜ) ਬੜੇਗਾ ।

ਸਹੇਵੇ ਸਾਹਿਬ ਪਾਠ

ਪਹਿਲੇ ਪਾਠ ਸੰਮਤ ੧੯੭੭ ਬਿ: ਮਾਘੀ ਦੇ ਮੇਲੇ ਪੁਰ ਵੀਚਾਰ ਚਲੀ ਅਤੇ ਸੰਤ ਆਲਾ ਸਿੰਘ ਜੀ ਨੇ ਵਡਿਤੀਰਥ ਪੋਥੀ ਵਲ ਧਿਆਨ ਦਿਵਾਇਆ ।

ਇਹ ਪੋਥੀ ਜੋ ਹਰੀਪੁਰ ਦੇ ਉਦਾਸੀ ਸਾਧੂ ਨੇ ੧੯੩੩ ਬਿ: ਵਿਚ ਇਕ ਬਕਸ ਵਿਚ ਦਸ਼ਮੇਸ਼ ਜੀ ਦੇ ਤੀਰ ਚਕਰ ਸਮੇਤ ਗੁਰੂ ਹਰੀ ਸਿੰਘ ਨੂੰ ਭੇਟਾ ਕਰ ਗਏ ਸਨ । ਜਿਸ ਵਿਚ ਪਾਠ ਸਹੇਵੇ ਸਾਹਿਬ ਕਰਨ ਦਾ ਹੁਕਮ ਦਸਮ ਪਾਤਸ਼ਾਹ ਵਲੋਂ ਸੀ ।

ਬਾਬੇ ਸੰਤੋਖ ਸਿੰਘ ਜੀ ਦੇ ਲਿਖੇ ਗਰੰਥ ਵਿਚ ਸਤਿਗੁਰੂ ਰਾਮ ਸਿੰਘ ਵਲੋਂ ਹੇਕਮਨਾਮਾ ਦਰਜ ਸੀ ਅਤੇ ਸ਼ੇਖੂਪੁਰ ਦੇ ਮੇਲੇ ਤੇ ਵੀਚਾਰ ਕੀਤੀ ਸੀ ਕਿ ਅਗਲੇ ਸਾਲ ਜਰੂਰ ਪਾਠ ਅਰੰਬ ਕੀਤੇ ਜਾਣ । ਕਰਨ ਕਰਾਵਨ ਸਮਰਥ ਤਾਂ ਆਪ ਹੈਨ ਸਤਿਗੁਰੂ, ਕਿਸੇ ਵਲੋਂ ਵੀਚਾਰ ਪੇਸ਼ ਹੋ ਜਾਵੇ ।

ਵਡ ਤੀਰਥ ਸਾਖੀ ਵਿਚੋਂ – ਮੁਖਵਾਕ ਪਾ: ੧੦ ਭਵਿਖਤ

ਔਰ ਕਥਾ ਕੁਛ ਕਹੋਂ ਸੁਨਾਇ, ਸਹੇਵਾ ਸਾਹਿਬ ਰਚੂੰਗਾ ਜਾਏ ।
ਤਿਸ ਅਸਥਾਨ ਹੋਇ ਬਾਸਾ ਮੇਰੋ, ਤਹ ਦਰਸਨ ਹੋਇ ਪੁੰਨ ਘਨੇਰੋ ।
ਸਹੇਵਾ ਪੀਪਲ ਅਤਿ ਵੱਡ ਹੋਈ, ਐਸੋ ਪੀਪਲ ਤੀਨ ਲੋਕ ਨਹਿ ਕੋਈ ।
ਔਰ ਜਗਾ ਪਾਠ ਦਸ ਕਰ, ਤਿਸ ਪਾਠ ਕੋ ਜੋ ਫਲ ਰਰੇ ।
ਏਕ ਪਾਠ ਤਿਸ ਪੀਪਲ ਛਾਇ ਮਾਹੀ, ਸੋ ਫਲ ਲਹੈ ਕਰੇ ਜੋ ਤਾਹੀ ।
ਜੋ ਤਿਸ ਪੀਪਲ ਦਰਸਨ ਕਰੇ, ਦੇਖਤ ਪਾਪ ਸਕਲ ਝਰ ਪਰੈ ।

(ਬਿਦੇਸੋਂ ਆਏ ਹੁਕਮਨਾਮੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਿਚੋਂ)

ਜਾਕੇ ਜਿਤਨਾ ਸਾਰੇ ਦੇਸ ਦੀ ਸੰਗਤ ਤੇ ਬਣ ਸਕੇ – ਉਤਨਾ ਪਾਠ ਬਾਣੀ ਸਹੇਵੇ ਸਾਹਿਬ – ਗੁਰੂ ਜੀ ਕਾ ਹੁਕਮ ਹੈ ਬਰਨੀ ਪਾਠ ਕੋ ਜੋਰ ਦਿਉ – ਏਥੋਂ ਜਾਕੇ ਸਹੇਵੇ ਸਾਹਿਬ ਸਾਰੇ ਦੇਸ ਦੇ ਨਾਮਧਾਰੀ ਕਠੇ ਹੋਕੇ ।

ਸਹੇਵੇ ਸਾਹਿਬ ਜੋ ਜਾਵੇ ਪਾਠ ਕਰਨ ਸੋ ਇਕ ਪਾਠ ਚੰਡੀ ਦੀ ਵਾਰ ਦਾ ਸਭ ਕਰ ਲੈਣ ਨਾਲੇ ਸਹੇਵੇ ਸਾਹਿਬ ਭਜਨ ਪਾਠ ਜਰੂਰ ਕਰੇ ਜਾਕੇ

ਪਾਠਾਂ ਦਾ ਸਮਾਚਾਰ ੧੯੨੧–੧੯੫੧

ਸੰਤ ਆਲਾ ਸਿੰਘ ਜੀ ਨੂੰ ਜਥੇ ਸਮੇਤ ਸਹੇਵੇ ਸਾਹਿਬ ਨੂੰ ਪਾਠ ਕਰਨ ਹਿਤ ਟੋਰਿਆ । ਸੰਤ ਜੀ ਨੇ ਸਰਸੇ ਤਕ ਰੇਲ ਦਾ ਸਫਰ ਕੀਤਾ । ਅਗੋਂ ਊਠਾਂ ਪੁਰ ਤੇ ਸਣੇ ਰਸਦ ਰਾਤਾਂ ਨੂੰ ਸਫਰ ਕਰਦੇ ਹੋਏ ਤੀਰਥ ਪੁਰ ਜਾ ਪਹੁੰਚੇ । ਪੰਜਾਂ ਸਿੰਘਾਂ ਨਾਲ ਪਾਠ ਤੋਰਿਆ । ਪਿਛੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਹੋਰ ਸੇਵਕਾਂ ਨਾਲ ਸੰਤ ਸੋਹਣ ਸਿੰਘ ਚੜਾਲੇ ਵਾਲੇ, ਸੰਤ ਹਾਕਮ ਸਿੰਘ ਜੀ ਕਲੋਕੇ ਅਤੇ ਕਰਤਾਰ ਸਿੰਘ ਜੀ ਜਲਣ ਆਦਿਕ ਤਿੰਨ ਗਰੰਥ ਸਾਹਿਬ ਲੈ ਪੁਜੇ ਅਤੇ ੩ ਪਾਠ ਹੋਰ ਅਰੰਬ ਕੀਤੇ । ਖਰਾਸ

ਨਾ ਹੋਣ ਕਰਕੇ ਦੋ ਚੱਕੀਆਂ ਪਿੰਡ ਵਿਚੋਂ ਮੰਗ ਕੇ ਆਪ ਆਟਾ ਪੀਸਕੇ ਲੰਗਰ ਸੇਵਾ ਸ਼ੁਰੂ ਕੀਤੀ ।

ਪਾਠਾਂ ਦਾ ਸਮਾਚਾਰ ਕਵਿਤਾ ਰੂਪ

ਸਹੇਵੇ ਸਾਹਿਬ ਪਾਠ ਹਿਤਕਾਰੀ, ਸੰਤ ਮੰਡਲੀ ਉਠਨ ਅਸਵਾਰੀ ।
ਪਹੁੰਚੇ ਜਾਏ ਸਹੇਵੇ ਜਾਕੇ, ਬਸਤਰ ਧੋਇ ਚੈਤੰਨ ਹੋਇ ਆਕੇ ।
ਧੂਪ ਦੀਪ ਸਮਗਰੀ ਸਾਰੀ, ਆਟਾ ਪੀਸ ਲੰਗਰ ਤਿਆਰੀ ।
ਕੜਾਹ ਪ੍ਰਸਾਦ ਅਰਦਾਸਾ ਕਰਕੇ, ਪਾਠ ਅਰੰਭੇ ਪੋਥੀ ਰਲਕੇ ।
ਸੰਮਤ ਉਨੀ ਸੈ ਸਤਤਰ ਹੈਸੀ, ਮਾਘ ਮਹੀਨਾ ਕੋਰਾ ਪੈਸੀ ।
ਵਡਿ ਪ੍ਰਤਾਪੀ ਸਤਿਗੁਰ ਪੂਰੇ, ਕਲਗੀ ਵਾਲੇ ਦੇ ਬਚਨ ਹਜੂਰੇ ।
ਰੌਲ ਪਾਠਾਂ ਵਿਚ ਗਰੀਬ ਨਿਵਾਜ, ਸਦਾ ਬ੍ਰਤ ਲੰਗਰ ਵੀ ਸਾਜ ।
ਆਟਾ ਪੀਸਣ– ਜਲ ਦੀ ਸੇਵਾ, ਬਰਤਨ ਸਾਫ ਅਸ਼ਨਾਨ ਕਰੇਵਾ ।
ਕਠਨ ਘਾਲਣੇ ਆਪੇ ਕਰਦੇ, ਬਿਪਤਾ ਦੇਸ ਦੀ ਬਖਸ਼ਸ ਬਖਸ਼ੇ ।
ਦਸਵੇਂ ਗੁਰੂ ਦੀ ਬਾਰਵੀਂ ਜੋਤੀ, ਸੇਵਾ ਘਾਲ ਜੇ ਥਾਂਈ ਪੈਸੀ ।
ਕਲੂ ਕਾਲ ਦੀ ਸੜਨ ਬੁਝਾਵੇਂ, ਸਤਿਜੁਗ ਸਾਂਤੀ ਆ ਵਰਤਾਵੇਂ ।

ਸਹੇਵਾ ਵਾਸੀ ਭੂਮੀਏ ਮਾਲੀ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ

ਭੂਮੀਏ ਮਾਲੀ ਕਿਹਾ ਸੰਤੋ, ਰਾਮ ਜੀ ਦਰਸ਼ਨ ਦੇ ਗਏ ।
ਸੰਤਾ ਪਾਠ ਆ ਕਰਨੇ ਈਹਾਂ, ਆਪੇ ਆ ਫੁਰਮਾ ਗਏ ।
ਨਾਮ ਦੀ ਦਾਤ ਜੇ ਤੂੰ ਲੋੜੇ, ਧੂਮਰ ਪਾਨ ਹੱਟਕਾ ਗਏ ।
ਵਾਸ ਤੇਰੇ ਜੋ ਮੁਖੋਂ ਆਵੇ, ਨਰਕੋਂ ਕਢ ਵਰਜਾ ਗਏ ।
ਪਰਤੱਖ ਕਹੂੰ ਮੈਂ ਸੁਪਨਾ ਨਾਹੀ, ਆਵਾਂਗਾ ਫੁਰਮਾ ਗਏ ।
ਚੀਨੀ ਘੋੜੀ ਚਿਟੇ ਬਸਤਰ, ਮਾਲਾ ਗਲ ਦਰਸਾ ਗਏ ।

ਅਜ ਤਾਂਈ ਜੋ ਜਪਿਆ ਨਾਮ, ਖਤਮ ਹੋਈ ਹੈ ਇਸਦੀ ਸ਼ਾਮ ।
ਆਏ ਸੀ ਜਾਂ ਆ ਗਏ ।

ਇਹ ਸਾਰਾ ਕੌਤਕ ਭੁਮਏ ਪਾਸੋਂ ਸੁਣਕੇ – ਉਸ ਅਸਥਾਨ ਦੇ ਸੇਵਾਦਾਰ ਮਹੰਤ ਜ਼ੇਮਲ ਸਿੰਘ, ਹਰਨਾਮ ਸਿੰਘ ਰਾਮਗੜੀਆ, ਨਾਹਰ ਸਿੰਘ (ਨਰਸੀ ਦਾਸ, ਕਿਸ਼ਨ ਸਿੰਘ ਅਤੇ ਉਸਦੇ ਸਾਥੀਆਂ ਨੇ ਮਿਲਕੇ ਸੰਤ ਆਲਾ ਸਿੰਘ ਪਾਸੋਂ ਨਾਮ ਦੀ ਦਾਤ ਲਈ । ਇਸੇ ਤਰਾਂ ਇਸ ਵੀਰਾਨ ਰੇਤਾਂ ਦੇ ਥਲਾਂ ਦੇ ਦੇਸ ਤੀਰਥ ਪੁਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਛਤਰ ਛਾਇਆ ਹੇਠ ਦਸਮੇਸ ਜੀ ਅਤੇ ਚੀਨੀ ਚਾਲੇ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ – ਪਾਠਾ ਦੀ ਲੜੀ ਚਲ ਰਹਿ ਹੈ – ਜਿਵੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਬੈਕੁੰਠ ਵਿਚੋਂ ਸਮੇਂ ਦਾ ਮਾਲਕ ਆਪ ਹੀ ਸਮੇਤ ਦੇਵਤਿਆਂ ਦੇ ਆਇਆ ਹੈ । ੩੬ ਘੰਟੇ ਤੋ ੪੦ ਘੰਟੇ ਤਕ ਹਰ ਅਖੰਡ ਪਾਠ ਦਾ ਭੋਗ ਪਈ ਜਾ ਰਿਹਾ ਹੈ । ਪਾਤਿਸ਼ਾਹ ਦੀ ਬਖਸ਼ਸ ਦਾ ਸਿਰ ਹਥ – ਨਾ ਥਕੇਵਾਂ ਨਾ ਅਕੇਵਾਂ ਹੈ ।

ਇਕ ਦਿਨ ਪ੍ਰਸਾਦ ਨੂੰ ਭੋਗ ਗਰਮੋਂ ਗਰਮ ਲਵਾ ਦਿਤਾ – ਤਾਂ ਸਤਿਗੁਰੂ ਜੀ ਗੁਸੇ ਹੋਏ । ਕਿਹਾ ਕਿ ਚੀਨੀ ਵਾਲਾ ਸਾਨੂੰ ਪਖਾ ਝਲਦੇ ਦਰਸ਼ਨ ਹੋਏ ਹੈਨ ।

ਖੂਹ ਦਾ ਜਲ – ਕਿਰਮ ਚਲੇ – ਮੁੜ ਨਿਰਮਲ ਹੋਯਾ

ਇਕ ਦਿਨ ਤੀਰਥ ਨੇੜੇ ਖੂਹ ਤੋਂ ਪਾਣੀ ਭਰਨ ਗਏ ਉਜਾਗਰ ਸਿੰਘ ਦਾ ਬਾਗੜੀਆਂ ਨਾਲ ਝਗੜਾ ਹੋ ਗਿਆ ਕਿ ਉਸ ਸਾਡੇ ਡੋਲ ਪੁਰ ਪਾਣੀ ਦੇ ਛਿਟੇ ਪਾਏ । ਸਿੰਘ ਉਨਾਂ ਨੂੰ ਬਹੁਤ ਸਮਝਾਇਆ ਕਿ ਕੋਈ ਛਿਟਾ ਮੈਂ ਜਾਣ ਬੁਝਕੇ ਨਹੀ ਪਾਯਾ – ਮਗਰ ਝਗੜਾ ਵਧ ਗਿਆ । ਪੰਜ ਔਰਤਾਂ ਨੇ ਸਿੰਘ ਨੂੰ ਥਲੇ ਸੁੱਟ ਮਾਰਨਾ ਸ਼ੁਰੂ ਕੀਤਾ । ਸਿੰਘ ਪਾਸੋਂ ਇਕ ਔਰਤ ਦੇ ਨੱਕ ਪੁਰ ਮੁੱਕਾ ਲਗਣ ਨਾਲ ਲਹੂ ਵੱਗ ਤੁਰਿਆ । ਨਗਰ ਦੇ ਬ੍ਰਾਹਮਣਾਂ ਕੱਠੇ ਹੋ ਸਿਖਾਂ ਨੂੰ ਖੂਹ ਤੋ ਪਾਣੀ ਲੈਣਾ ਬੰਦ ਕਰ ਦਿਤਾ । ਸਚੇ ਪਾਤਿਸ਼ਾਹ ਕਿਹਾ ਸਿੰਘੋ ਅਸੀ ਚੀਨੀ ਵਾਲੇ ਦੇ ਦਰਸ਼ਨ ਨਵਿਤ ਪਾਠ

ਕਰਨ ਆਏਂ ਹਾਂ – ਕਿਸੇ ਨਾਲ ਕਲੇਸ਼ ਨਹੀ ਕਰਨਾ । ਜਲ ਬਾਹਰ ਖੂਹ ਤੋਂ ਜਾਕੇ ਲੈ ਆਯਾ ਕਰੋ । ਅਸੀਂ ਇਹ ਪਾਠ ਸਰਬੱਤ ਦੇ ਭਲੇ ਵਾਸਤੇ, ਸੰਸਾਰ ਸਾਂਤੀ ਵਾਸਤੇ ਅਰੰਭੇ ਹੈਨ – ਸਾਡੇ ਮਾਲਕ ਦਾ ਹੁਕਮ ਹੈ ਜੋ ਖਿਮਾਂ ਧੀਰਜ ਵਾਲਿਆਂ ਦੇ ਗੁਰ ਸਦਾ ਅੰਗ ਸੰਗ ਹੈ ।

ਸਿੰਘ ਪਾਣੀ ਦੂਰ ਖੂਹ ਤੋਂ ਲਿਔਣ ਲਗੇ । ਕਾਦਰ ਦੀ ਕੁਦਰਤ ਕਰਾਮਾਤ (ਨਾਨਕ ਸਾ ਕਰਾਮਾਤ ਸਾਹਿਬ ਤੁਠੇ ਜੋ ਮਿਲੇ) ਵਰਨ ਦੇਵਤਾ ਇਸ ਮਾਲਕ ਦੀ ਅਵਗਿਆ ਨਾ ਸਹਰਿ ਸਕਿਆ । ਇਸ ਖੂਹ ਦੇ ਜਲ ਵਿਚ ਕਿਰਮ ਚਲ ਗਏ । (ਪ੍ਰਭ ਆਪਣੀ ਵਡਿਆਈ ਭਾਂਵਦੀ ਜਨ ਕਾ ਜੈਕਾਰ ਕਰਾਈ) ਪੰਡਤਾਂ ਦੀ ਹੋਸ਼ ਟਿਕਾਣੇ ਆਈ । ਨਗਰ ਦੇ ਸਿਆਣੇ ਬਾਗੜੀ ਅਤੇ ਪੰਡਤ ਇਕਤ੍ਰ ਹੋਕੇ ਪੰਚੈਤ ਦੀ ਸ਼ਕਲ ਵਿਚ ਸਤਿਗੁਰਾਂ ਦੀ ਸ਼ਰਨ ਆਏ । ਮਹਾਰਾਜ ਬਖਸ਼ੋ, ਅਸੀਂ ਸੰਸਾਰੀ ਜੀਵ ਭੁਲਣਹਾਰ ਹਾਂ । ਸਚੇ ਪਾਤਿਸ਼ਾਹ ਜੀ ਜੈਮਲ ਸਿੰਘ ਮਹੰਤ ਪੁਰ ਰਖੀ ਕਿ ਇਹ ਨਿਰਨਾ ਕਰਨਗੇ । ਜੈਮਲ ਸਿੰਘ ਕਿਹਾ ਤੁਸੀਂ ਮਹਾਂ ਪੁਰਸ਼ਾਂ ਦੀ ਅਵਗਿਆ ਕੀਤੀ ਹੈ, ਘਰ ਪਰਤੀ ਮਾਯਾ ਇਕੱਤਰ ਕਰਕੇ ਪ੍ਰਸ਼ਾਦ ਕਰਵਾਓ । ਪੰਜਾਹ ਰੁਪੈਏ ਦਾ ਕੜਾਹ ਪ੍ਰਸ਼ਾਦ ਕਰਕੇ ਸਮੇ ਦੇ ਸਤਿਗੁਰੂ ਜੀ ਦੇ ਹੁਕਮ ਅਨਸਾਰ ਪਰਸਾਦ ਖੂਹ ਵਿਚ ਪਾਯਾ । ਜਲ ਨਿਰਮਲ ਹੋਇ ਗਇਆ ।

ਸਚੇ ਪਾਤਿਸ਼ਾਹ ਜੀ ਦੀ ਜੈ ਜੈਕਾਰ ਹੋਈ । ਸਾਰਾ ਨਗਰ ਚਰਨੀ ਲਗਾ । ਪੂਰੇ ਗੁਰ ਕੀ ਪੂਰੀ ਕਾਰ ।

ਇਸੇ ਹੀ ਕਲੇਸ਼ ਵਿਚ ਜੈਮਲ ਸਿੰਘ ਦੀ ਘਰ ਵਾਲੀ ਨੇ ਇਕ ਦਿਨ ਸਤਿਗੁਰਾਂ ਪਥਰ ਮਾਰਿਆ ਕਿ ਇਹ ਨਵਾਂ ਗੁਰੂ ਕਿਧਰ ਸੇ ਆ ਗਿਆ, ਇਸ ਮੇਰਾ ਧੰਨੀ ਖੋਸ ਲਿਆ ਹੈ । ਤਾਂ ਕੁਛ ਦਿਨ ਬਾਦ ਉਸ ਔਰਤ ਦੇ ਫੋੜਾ ਲੱਤ ਪੁਰ ਨਿਕਲਿਆ । ਦਵਾਈ ਕੋਈ ਕੰਮ ਨਾ ਕਰੇ । ਆਖਰ ਸਮਝ ਆਈ, ਸਤਿਗੁਰੂ ਦੇ ਚਰਨੀ ਲਗੀ । ਪਾਤਿਸ਼ਾਹ ਕਿਹਾ ਨਾਹਰ ਸਿੰਘ ਬਖਸ਼ੇਗਾ । ਤਾਂ ਨਾਹਰ ਸਿੰਘ ਪਾਸੋ ਅਰਦਾਸ

ਕਰਵਾਈ । ਫੋੜਾ ਠੀਕ ਹੋਇ ਗਿਆ । ਪਾਤਿਸ਼ਾਹ ਆਪਣੇ ਸੇਵਕਾਂ ਨੂੰ ਮਾਣ ਦਿੰਦੇ ਹੈਨ । ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਤਾਪ ਵਧਿਆ ।

ਸੱਚੇ ਪਾਤਿਸ਼ਾਹ ਵੈਰਾਗੀ

ਸੱਚੇ ਪਾਤਿਸ਼ਾਹ ਜੀ ਆਪ ਚੱਕੀ ਆਟਾ ਪੀਂਹਦੇ, ਖੂਹ ਵਿਚੋਂ ਜਲ ਕਢਕੇ ਸਿਖਾਂ ਦਾ ਇਸ਼ਨਾਨ ਕਰਵੌਂਦੇ, ਲੰਗਰ ਦੇ ਬਰਤਨ ਸਾਫ ਕਰਦੇ, ਸਾਰੀ ਸੇਵਾ ਕਰਦੇ ਹੋਏ ਫਿਰ ਪਾਠ ਦੀ ਰੌਲ ਵੀ ਆਪ ਪੂਰੀ ਤੋ ਵੱਧ ਲੌਂਦੇ । ਗੁਰਬਾਣੀ ਦਾ ਪਾਠ ਕਰਦੇ ਵੈਰਾਗੀ ਹੋ ਸ਼ਬਦਾਂ ਵਿਚ ਸੱਚੇ ਪਾਤਿਸ਼ਾਹ ਸਤਿਗੁਰੂ ਰਾਮ ਸਿੰਘ ਜੀ ਨਾਲ ਜਿਵੇਂ ਬਚਨ ਤੇ ਅਰਜੋਇਆਂ ਕਰਦੇ, ਨੇਤਰ ਵਿਚੋ ਜਲ ਹੰਜੂ ਡ੍ਰਿਪ ਡ੍ਰਿਪ ਜਾਂਦਾ । ਭਾਈ ਵਜੀਰ ਸਿੰਘ ਜੀ ਰੁਮਾਲੀ ਇਕ ਦਿੰਦੇ ਉਹ ਭਿਜ ਜਾਂਦੀ, ਦੂਜੀ ਤੀਜੀ ਇਸੇ ਤਰਾਂ ਦੇਈ ਜਾਂਦੇ । ਜਦੋਂ ਚੀਨੀ ਅਸਵਾਰ ਦੇ ਦਰਸ਼ਨ ਹੋ ਜਾਂਦੇ ਤਾਂ ।

ਚੱਕੀ ਬਿਨਾਂ ਜੋਰ ਚਲਦੀ ਆਟਾ ਪੀਂਦੀ – ਨਾ ਥਕੇਵਾਂ ਨਾ ਅਕੇਵਾਂ

ਇਕ ਦਿਨ ਸੰਤ ਆਲਾ ਸਿੰਘ ਜੀ ਦੇ ਅੰਤਰ ਆਤਮੇਂ ਵੇਰਾਗ ਮਈ ਹੋਇ ਪੁਕਾਰ ਹੋਈ ਕਿ ਚੀਨੀ ਵਾਲੇ ਪਾਤਿਸ਼ਾਹ ਜੀ ਤੇਰੇ ਦਰਸ਼ਨ ਵਾਸਤੇ ਸਾਧ ਇਤਨੀ ਘਾਲਨਾ ਤਪਸਿਆ ਕਰ ਰਹੇ ਹੈਨ – ਆਪ ਬਾਬੇ ਜਸੇ ਜੀ ਦੇ ਅੰਤ ਸਮੇਂ ਪਹੁੰਚੇ ਸੀ, ਅਤੇ ਸੰਤ ਜੀਵਨ ਸਿੰਘ ਜੀ ਨੂੰ ਆਪ ਇਸ਼ਨਾਨ ਕਰਦਿਆਂ ਗਿਲੇ ਕਛੈਹਰੇ ਨਾਲ ਹੀ ਦਰਸ਼ਨ ਦੇ ਗਏ ਸੀ, ਫੇਰ ਤੁਸੀਂ ਦੇਹ ਕਰਕੇ ਉਧਾਰ ਪੂਰਾ ਕਰਕੇ ਆਉਗੇ, ਕਿਸੇ ਸਹੁਰੇ ਦਾ ਦਿਨ ਬਾਕੀ ਨਹੀ ਰਖਣਾ, ਕੁਝ ਬਿਆਜ ਦੇ ਵੀ ਉਪਰ ਕਰਕਰ ਆਵਾਂਗੇ । ਸੰਗਤ ਵਿਚ ਵੀ ਵੀਚਾਰਾਂ ਚਲਦੀਆਂ ਹੈਨ ।

ਅਗਲੇ ਦਿਨ ਸਵੇਰੇ ਹੀ ਸੰਤ ਬੀਕਾ ਸਿੰਘ ਜੀ (ਵਡਾਲੀ ਜੌਹਲਾਂ) ਵਾਲਿਆਂ ਆ ਦਸਿਆ ਕਿ ਅਜ ਪਿਛਲ ਰਾਤ ਇਸ਼ਨਾਨ ਕਰਕੇ ਚੱਕੀ ਪੀਂਹਦਿਆ ਬਿਨਾ ਜੋਰ ਲਾਇਆਂ ਚੱਕੀ ਫਿਰਦੀ ਸੀ– ਨਾਲ ਉਤਨਾ ਸਮਾਂ ਆਤਮਕ ਵੈਰਾਗੀ ਮਸਤ ਬਿਰਤੀ ਹੀ ਰਹੀ । ਇਕ ਪਹਰ ਢਾਈ ਤਿੰਨ ਘੰਟੇ ਵਕਤ ਦਾ ਵੀ ਪਤਾ ਹੀ ਨਹੀ ਲਗਾ –

ਥਕੇਵਾਂ ਅਤੇ ਨਾਹੀਂ ਅਕੇਵਾਂ ਸੀ – ਦਿਲ ਕਰਦਾ ਸੀ ਚੱਕੀ ਨੂੰ ਛਡਾਂ ਹੀ ਨਾ । ਇਸੇ ਤਰਾਂ ਸਾਰੇ ਹੀ ਸਾਧਾਂ ਸੰਤਾਂ ਦੀ ਅਵਸਥਾ ਮਾਯਾ ਮੋਹ ਤੋਂ ਨਿਰਲੇਪ – ਵੈਰਾਗ ਮਈ ਜਿਵੇਂ ਬੈਕੁੰਠ ਆਕਾਸ਼ ਵਿਚੋਂ ਇਥੇ ਥਲਾਂ ਵਿਚ ਆ ਉਤਰਿਆ ਸੀ ।

ਦੂਸਰੇ ਦਿਨ ਸੰਤ ਕਾਲਾ ਸਿੰਘ ਜੰਜਾਤੇ ਵਾਲੇ ਬਾਲਣ ਲੈਣ ਗਏ ਤਾਂ ਚੀਨੀ ਅਸਵਾਰ ਪਾਤਸ਼ਾਹ ਜੀ ਰੇਤਾ ਦੇ ਟਿਬਿਆਂ ਖੜੇ ਦਰਸ਼ਨ ਹੋਏ । ਸੰਤ ਜੀ ਦੌੜੇ ਕਿ ਛੇਤੀ ਜਾਕੇ ਚਰਨ ਪਰਸਾਂ – ਮਗਰ ਲੁਕਣ ਮੀਚੀ ਖੇਲਣ ਵਾਂਗੂ ਪਾਤਸ਼ਾਹ ਹੋਰ ਅਗੇ ਅਗੇ ਉਡਾਰੀ ਮਾਰੀ ਜਾਂਦੇ ਹੈਨ । ਇਸੇ ਤਰਾਂ ਖੇਲ ਦੋ ਢਾਈ ਘੰਟੇ ਚਾਲੂ ਰਹੀ । ਆਖਰ ਆਵਾਜਾ ਆਈ – ਸੰਤ ਜੀ ਹੁਣ ਦਰਸ਼ਨ ਤੁਸੀਂ ਕਰ ਲਏ ਹੈਨ, ਮੈਂ ਕਿਤੇ ਗਿਆ ਨਹੀਂ, ਤੁਆਡੈ ਪਿਆਰ ਵਸ ਹਾਂ, ਤੁਹਾਥੋਂ ਬਗੈਰ ਤਾਂ ਮੇਰਾ ਵੀ ਚਿਤ ਨਹੀਂ ਲਗਦਾ, ਤੁਸਾਂ ਨੂੰ ਮੇਰਾ ਕਲੇ ਦਾ ਵਿਛੋੜਾ ਹੈ, ਮੈਨੂੰ ਤੁਆਡਾ ਲਖਾਂ ਦਾ ਵਿਛੋੜਾ ਹੈ, ਡੇਰੇ ਹੁਣ ਵਾਪਸ ਜਾਉ, ਭਜਨ ਪਾਠਾਂ ਦੀ ਲੜੀ ਤੇ ਝੜੀ ਨਾ ਟੁਟਣ ਦਿਓ, ਦੇਹ ਕਰਕੇ ਛੇਤੀ ਆਵਾਂਗਾ । ਇਹਨਾਂ ਹੁਕਮ ਕਰਕੇ ਅਲੋਪ ਹੋ ਗਏ । ਸੰਤ ਜੀ ਹੋਸ਼ ਵਿਚ ਪਰਤੇ, ਛੇਤੀ ਬਾਲਣ ਝਾੜ ਇਕਠਾ ਕੀਤਾ ਹੋਯਾ ਚੁਕਕੇ ਵਾਪਸ ਆਏ – ਪੁਛਿਆ ਕਿ ਮੇਰੀ ਥਾਂ ਰੌਲ ਪਾਠ ਦੀ ਕਿਸ ਲਾਈ – ਤਾਂ ਸਾਥੀਆਂ ਕਿਹਾ ਤੁਸੀਂ ਆਪ ਹੀ ਹੁਣੇ ਪਾਠ ਤੋਂ ਉਠੇ ਹੋ । ਤਾਂ ਸੰਤ ਜੀ ਨੂੰ ਸਮਝ ਆਈ ਕਿ ਚੀਨੀ ਵਾਲਾ ਪਾਤਸ਼ਾਹ ਇਧਰ ਰੌਲ ਵੀ ਮੇਰੇ ਥਾਂ ਮੇਰਾ ਰੂਪ ਧਾਰਕੇ ਲਾ ਗਏ ਹੈਨ । ਸਤਿਗੁਰ ਬਿਅੰਤ ਜੀ ਅਨੇਕਾਂ ਰੂਪ ਧਾਰ ਸਕਦੇ ਹੈਨ । ਉਧਰ ਵੀ ਆਪ ਹੀ ਬਸ ਸੰਤ ਕਾਲਾ ਸਿੰਘ ਫਿਰ ਮਸਤਾਨੀ ਬਿਰਤੀ ਵਿਚ ਚਲੇ ਗਏ । ਦੋ ਦਿਨ ਇਸੇ ਦਸ਼ਾ ਵਿਚ ਰਹੇ । ਬਾਕੀ ਸਾਧਾਂ ਪੁਛਿਆ ਸੰਤ ਜੀ ਕੀ ਖੇਡ ਵਰਤੀ ਤਾਂ ਸੰਤ ਜੀ ਵੈਰਾਗ ਮਈ ਅਵਾਜ਼ ਵਿਚ ਸਾਰੀ ਹੱਡ ਬੀਤੀ ਸੁਣਾਈ । ਸਾਰਿਆਂ ਇਕ ਅਵਾਜ ਹੋ ਕਿਹਾ – ਧੰਨ ਸਤਿਗੁਰ ਰਾਮ ਸਿੰਘ, ਧੰਨ ਸਤਿਗੁਰ ਰਾਮ ਸਿੰਘ – ਧੰਨ ਤੂੰ ਤੇ ਧੰਨ ਤੇਰੇ ਸਿਖ ਅਤੇ ਧੰਨ ਵਡਿ ਪ੍ਰਤਾਪੀ ਸਤਿਗੁਰੂ ਜੀ ਇਸ ਸਮੇਂ ਦੀ ਖੇਡ ਦੇ ਰਚਨਹਾਰ । ਇਸੇ ਤਰਾਂ ਵਾਰੀ ਵਾਰੀ ਸਿਖਾਂ ਤੇ ਅਵਸਥਾ ਆਈ ਜਾਂਦੀ ।

ਸੰਤ ਕਾਲਾ ਸਿੰਘ ਨਾਲ ਦਰਸਨ ਦੀ ਖੇਡ

ਇਕ ਦਿਨ ਕਾਲਾ ਸਿੰਘ ਅੰਦਰ, ਫੁਰਨਾ ਮੁੜ ਮੁੜ ਆਵੇ ।
ਦੇਸ ਛਡ ਇਸ ਬੀਆਵਾਨ ਵਿਚ, ਐਸੀ ਸੇਵ ਕਰਾਵੈ ।
ਦਰਸ਼ਨ ਹਿੱਤ ਘਾਲਨਾ ਘਾਲੀ, ਇਤਨਾ ਸਮਾਂ ਵਿਹਾਵੈ ।
ਸੇਵਾ ਅਸੀ ਕੀ ਕਰਨੇ ਜੋਗੇ, ਆਪੇ ਕਾਰ ਕਰਾਵੈ ।
ਮਸਤ ਹੋਇ ਸੀ ਮਸਤੀ ਦੇ ਵਿਚ, ਬਾਹਰੋਂ ਬਾਲਣ ਲਿਆਵੈ ।
ਪਹੁੰਚੀ ਤਾਰ ਸੀ ਚੀਨੀ ਵਾਲੇ, ਦਰਸ਼ਨ ਆ ਦਿਖਾਵੈ ।
ਮੈ ਹਾਂ ਤੁਸਾਂ ਦੇ ਅੰਦਰ ਵਸਦਾ, ਜੋ ਪਿਆਰ ਦੀ ਡੋਰੀ ਪਾਵੈ ।
ਹੋਰ ਸੁਖ ਤਾਂ ਸਾਰੇ ਮੈਨੂੰ, ਬਿਰਹੋਂ ਦੁਖ ਸਤਾਵੈ ।
ਬਚਨ ਗੁਰੂ ਜੀ ਦੁਰੋਂ ਕਰਦੇ, ਮੁਖੜਾ ਸੀ ਮੁਸਕਰਾਵੈ ।
ਦੌੜ ਸੰਤ ਜੀ ਨੇੜੇ ਜਾਵਨ, ਚੀਨੀ ਫੇਰ ਦੁੜਾਵੈ । ਪਰੇ ਪਰੇ ਚਲ ਜਾਵੇ ।
ਇਕ ਪਹਰ ਖੇਡ ਸੀ ਵਰਤੀ, ਏਵੇਂ ਸਮਾਂ ਵਿਹਾਵੈ ।
ਪਿਆਰ ਭਰੀ ਆਵਾਜਾ ਆਈ, ਮੋੜਾ ਸੰਤ ਜੀ ਪਾਵੋ ।
ਲੜੀ ਪਾਠਾਂ ਦੀ ਟੁਟੇ ਨਾਹੀ, ਭਾਣੇ ਵਿਚ ਰਹਾਵੋ ।
ਏਨੀ ਕੈਹ ਪ੍ਰੀਤਮ ਛੁਪ ਗਿਆ, ਅਚਰਜ ਖੇਡ ਖਿਡਾਵੋ ।
ਡੇਰੇ ਆ ਭੇਤ ਸੀ ਖੁਲਿਆ, ਅਨੱਤ ਕਲਾ ਦਿਖਾਵੋ ।
ਧੰਨ ਹੈ ਚੀਨੀ ਵਾਲਾ ਮਾਲਕ, ਭਾਣਾ ਕੀ ਵਰਤਾਵੈ ।
ਇਕ ਸਰੂਪ ਬਾਹਰ ਸੀ ਦਿਸੇ, ਦੂਜਾ ਪਾਠ ਕਰਾਵੈ ।

ਇਹ ਪਾਠ ਮਾਘ ੧੯੭੭ ਬਿ: ਮੁਤਾਬਕ ੧੯੨੧ ਈ: ਅਰੰਭ ਕਰਕੇ ਚੇਤਰ ੩ ਦਿਨ ਗਏ ਭੋਗ ਪਾਏ । ੧੦੮ ਸਿਖਾਂ ਸੇਵਾ ਵਿਚ ਹਿਸਾ ਲਿਆ । ਭੋਗ ਪਾਕੇ ਸਤਿਗੁਰੂ ਜੀ ਆਪ ਅਰਦਾਸ ਕੀਤੀ ਕਿ ੧੧੧ ਪਾਠ ਆਪ ਦੇ ਦਰਸ਼ਨ ਦੀ ਭੇਟ ਹੈਨ, ਇਹ ਤਿਲਫੁਲ ਪਰਵਾਨ ਕਰਨਾ, ਅਸੀਂ ਹੁਕਮ ਬਜੌਣ ਜੋਗੇ ਨਹੀਂ, ਆਪ ਇਸ ਥੋੜੇ ਨੂੰ ਬਹੁਤਾ ਕਰ ਜਾਨਣਾ । (ਗੁਰ ਮੂਰਤਿ ਸਤਿਗੁਰ ਸਬਦ ਸਾਧ ਸੰਗਤ ਸਮਸਰ

ਪਰਵਾਨੋ – ਭਾਈ ਗੁਰਦਾਸ ਜੀ) ਤਿਨਾਂ ਦਾ ਮਹਾਤਮ ਇਕੋ ਬਰਾਬਰ ਹੈ) ਹੇ ਅਨੰਤ ਕਲ ਠਾਕਰ ਸਾਨੂੰ ਤੇਰੀ ਇੰਤਜ਼ਾਰ , ਤੇਰਾ ਪਿਆਰ ਅਤੇ ਵੈਰਾਗ ਲਗਾ ਰਹੇ । ਦਰਸ਼ਨ ਤੇਰੀ ਰਜਾ ਹੈ – ਪਰ ਸਾਡਾ ਸਿਦਕ ਬਣਿਆ ਰਹੇ ।

ਸਹੇਵੇ ਨਗਰ ਦੇ ਪਤਵੰਤੇ ਸਜਣ ਭੋਗਾਂ ਤੇ ਆਏ

ਪੰਡਤ ਮੋਹਣਾ ਰਾਮ, ਦਾਸਾ ਰਾਮ ਜੀ ਬਿਆਸ, ਸੇਠ ਰਾਵਤਮਲ, ਬਿਹਾਰੀ ਲਾਲ, ਪ੍ਰਸਾਦੀ ਲਾਲ ਅਤੇ ਹੋਰ ਭਾਗਾਂ ਵਾਲਿਆਂ ਨਾਮ ਦੀ ਦਾਤ ਹਾਸਲ ਕੀਤੀ। ਸੱਚੇ ਪਾਤਿਸ਼ਾਹ ਜੀ ਨਗਰ ਨਿਵਾਸੀਆਂ ਦਾ ਧੰਨਵਾਦ ਕੀਤਾ– ਜੋ ਪਾਠਾਂ ਵਿਚ ਖੁਹ ਦਾ ਜਲ, ਚੱਕੀ ਆਦਿਕ ਦੀ ਵਰਤੋਂ ਕੀਤੀ। ਉਨਾਂ ਵਲੋਂ ਵੀ ਧੰਨ ਧੰਨ ਦੀ ਧੁੰਨ ਲਗੀ ਕਿ ਆਪ ਨੇ ਇਸ ਜੰਗਲ ਵਿਚ ਮੰਗਲ ਰਖਿਆ ਸੀ – ਅਸੀਂ ਕੁਛ ਸੇਵਾ ਨਾ ਕਰ ਸਕੇ । ਫੇਰ ਵੀ ਸਮੇਂ ਸਮੇਂ ਦਰਸ਼ਨ ਦਿੰਦੇ ।

ਇਸ ਵਕਤ ਪਿਪਲ ਜੰਡ ਨੂੰ ਖਾ ਕੇ ਇਨਾਂ ਵਧਿਆ ਜੋ ੨੯ ਫੁਟ ਲਪੇਟ ਹੋ ਗਿਆ – ਡਾਲੇ ਵਧੇ ੧੦੦ ਫੁਟ ੧੫੦ ਫੁਟ ਹੋਕੇ ਟੁਟੇ । ਜੰਡ ਢਾਈ ਫੁਟ ਲੰਬਾ ੬ ਇੰਚ ਚੌੜਾ ਬਾਕੀ ਰਹਿੰਦਾ ਸੀ । ਦਸਮ ਜੀ ਦਾ ਵਾਕ – ਇਥੇ ਦਸਦੇ ਸੀ ਕਿ

ੴ੭੭ ਨੂੰ ਮੁਕਤਸਰ ਮਾਘੀ ਮੇਲਾ ਸੰਗਤ ਵੀਚਾਰ ਕੀਤੀ,
ਬਚਨ ਦਸਮੇਸ ਅਤੇ ਬਾਰਵੇਂ ਦੇ ਪਾਲਨੇ ।
੫ ਮਾਘ ਚਲ ਆਏ ਸੰਤ ਆਲਾ ਸਿੰਘ ਪੂਰੇ,
ਵਡਿ ਪ੍ਰਤਾਪ ਜੀ ਦੇ ਹੁਕਮ ਸੇ ਬਿਪਤਾ ਕੋ ਟਾਲਨੇ ।
੧੦੮ ਸੇਵਾਦਾਰ ੧੦੮ ਪਾਠ ੧੦੮ ਮਾਲਾ ਮਣੀ,
ਜਾਮਨ ਗੁਰੂ ਜੀ ਵਿਚ ਆਪ ਹੋ ਕਰਾਵਨੇ ।
ਰੇਤਲਾ ਹੈ ਦੇਸ ਬਾਂਗਰ, ਠੰਡੀ ਦੇ ਮਹੀਨੇ ਦੋ,
ਹਥੀਂ ਪੀਸ ਚੱਕੀ ਛਪਰ ਕਾਨਿਆਂ ਦੇ ਛਾਵਨੇ ।
ਪਾਠ ਲੰਗਰ ਸੁਚ ਸੋਧ ਬਾਲਣ ਸੀ ਝਾੜ ਟੋਕ,

ਕੰਡੇਦਾਰ ਬਣ ਤੋਂ ਸੀ ਕੱਟ ਕੱਟ ਛਾੜਨੇ ।
੨ ਮਾਘ ਭੋਗ ਪਾਏ ੧੧੧ ਸੀ ਪਾਠ,
ਕਰ ਅਰਦਾਸ ਗੁਰੂ ਭੁਲ ਬਖਸ਼ਾਵਨੇ ।
ਇਹੋ ਕਾਰ ਗੁਰੂ ਘਰ ਕਾਰ ਇਹੋ ਚਲੀ ਆਈ,
ਸੇਵਾ ਘਾਲ ਕਰਕੇ ਸੀ ਨੀਚ ਸਦਾਵਨੇ ।
ਸਾਂਤੀ ਸੰਸਾਰ ਲਈ ਨਾਨਕ ਜੀ ਦੇਹ ਧਾਰ,
ਪਾਪ ਕਰਮ ਥਮਣੇ ਧਰਮ ਨੂੰ ਬਚਾਵਨੇ ।

ਮਾਤਾ ਜੀਵਨ ਕੌਰ ਜੌ ਵਲੋਂ ਸਹੇਵੇ ਸਾਹਿਬ ੫ ਪਾਠ

ਮਾਤਾ ਜੀਵਨ ਕੌਰ ਜੀ ਬਾਬਾ ਖੁਸ਼ਾਲ ਸਿੰਘ ਜੀ ਦੀ ਸਪੁਤਰੀ ਨਗਰ ਥਰਾਜ ਜਿਨਾਂ ਨੂੰ ਗੁਰੂ ਘਰ ਜਾਣ ਤੋਂ ਪਹਿਲਾਂ ਪਿਤਾ ਜੀ ਵਲੋਂ ਇਹ ਸਿਖਿਆ ਸੀ – ਕਿ ਪੁਤਰ ਸਾਡੇ ਗੁਰੂਆਂ ਦੀ ਕਠਨ ਮਰਯਾਦਾ ਅਤੇ ਸਾਦਗੀ ਨੂੰ ਤੋੜ ਨਿਭੌਣਾ । ਬਦੇਸੀ ਵਸਤੂ ਅਤੇ ਸੁਖੀ ਜੀਵਨ ਦੀ ਆਸਾ ਨਹੀਂ ਰਖਣੀ । ਕੇਰਸੀ, ਪਖਾ, ਜਰਾਬਾਂ, ਛਤਰੀ ਨਹੀਂ ਵਰਤਣੇ । ਪੈਰ ਨਹੀ ਘਟੌਣੇ ਅਤੇ ਕਿਸੇ ਸਵਾਲੀ ਨੂੰ ਮੋੜਨਾ ਨਹੀਂ । ਸੋ ਮਾਤਾ ਜੀ ਨੇ ਇਹ ਸਿਖਿਆ ਨੂੰ ਤੋੜ ਨਿਭਾਇਆ । ਆਪ ਨੇ ਨੀਂਦ ਭੁਖ ਅਤੇ ਸੁਖ ਆਰਾਮ ਦਾ ਵੀ ਤਿਆਗ ਹੀ ਰਖਿਆ । ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਹਕੂਮਤ ਵਲੋਂ ਜੁਲਮ ਦੀ ਅੰਧੇਰੀ ਨੂੰ ਸੰਭਾਲਨ ਵਾਸਤੇ ਬਰਖਾ ਦਾ ਕੰਮ ਦਿਤਾ । ਗਰੀਬ, ਅਪਾਹਜ, ਯਤੀਮ, ਬਿਦਵਾ, ਨੰਗੇ, ਭੁਖੇ, ਵੈਰੀ, ਦੁਸ਼ਮਨ, ਨਿੰਦਕ, ਚੋਰ, ਉਚੱਕੇ, ਡਾਕੂ, ਦੇਸ਼ ਧਰੋਹੀ, ਪਖੰਡੀ, ਅਫੀਮੀ, ਸ਼ਰਾਬੀ ਅਤੇ ਸਰਕਾਰ ਦੇ ਪਿਠੂਆਂ ਨੂੰ ਵੀ ਗੁਰੂ ਘਰ ਤੋਂ ਖਾਲੀ ਨਹੀ ਸੀ ਮੋੜਿਆ । ਸਦਾ ਬਰਤ ਲੰਗਰ ਦੀ ਸਰਓਰਸਤੀ – ਇਨਾਂ ਦੀ ਸੇਵਾ ਘਾਲਨਾ, ਖਿਮਾਂ, ਧੀਰਜ, ਸਤ ਸੰਤੋਖ, ਦੈਯਾ ਦੀ ਸ਼ਕਤੀ ਦਾ ਸਦਕਾ ਤੋਟ ਨਹੀਂ ਸੀ ਆਈ ।

ਆਪ ਦੇ ਹਥੀਂ ੫ ਪਾਠ ਛੇ ਮਾਘ ੧੯੯੯ ਬਿ: ਨੂੰ ਅਰੰਭ ਹੋਕੇ ਸਹੇਵੇ ਸਾਹਿਬ ਭੋਗ ਪਵਾਏ ਗਏ । ਅਤੇ ਇਕ ਮੁਹਰਲੇ ਦਰਵਾਜੇ ਦੀ ਚੁਗਾਠ ਜੋੜੀ ਤਖਤੇ ਮਿਸਤ੍ਰੀ ਆਸਾ ਸਿੰਘ ਦੇ ਹੱਥੀਂ ਸੇਵਾ ਕਰਵਾਕੇ ਲਗਵਾਈ – ਜਿਸ ਦੇ ਉਪਰ ਮਾਤਾ ਜੀ ਦੀ ਯਾਦਗਾਰ ਉਕਰਕੇ ਲਿਖਿਆ ਗਿਆ । (੧ੴ ਯਾਦਗਾਰ ਪੂਜਯ ਸ੍ਰੀ ਮਾਤਾ ਜੀਵਨ ਕੌਰ ਜੀ ਸੇਵਾ ਕਰਵਾਈ ੧੦੮ ਸ੍ਰੀ ਸਤਿਗੁਰ ਪ੍ਰਤਾਪ ਸਿੰਘ ਜੌ ਮਹਾਰਾਜ ਜੀ ਦੀ ਮਿਹਰ – ਸੰਮਤ ੧੯੯੯ ਬਿ:)

੭ ਮਘਰ ੨੦੦੭ ਬਿ: – ੧੯੫੦–੫੧ ਈ: ਨੂੰ ਸੁਹੇਵੇ ਸਾਹਿਬ ਦੁਬਾਰਾ ਪਾਠ ਵਰਨੀਆਂ

ਮਸਤਾਨਾਂ ਦਸੌਂਦਾ ਸਿੰਘ ਜੀ ਨੇ ਅਰਜ ਕੀਤੀ– ਸੱਚੇ ਪਾਤਿਸ਼ਾਹ ਸ੍ਰੀ ਸਤਿਗੁਰ ਪ੍ਰਤਾਪ ਸਿੰਘ ਜੀ ਅਗੇ ਬੇਨਤੀ ਕੀਤੀ ਕਿ ਸੱਚੇ ਪਾਤਿਸ਼ਾਹ ਸਹੇਵੇ ਸਾਹਿਬ ਹੋਰ ਵਰਲੀਆਂ ਪਾਠ ਹੌਣੇ ਚਾਹੀਦੇ ਹਨ । ਤਾਕਿ ਦਸਮੇਸ ਜੀ ਦੇ ਹੁਕਮ ਹਨਣ ਵਿਚ ਕੋਈ ਕਸਰ ਨਾ ਰੈਹ ਜਾਵੈ । ਤਾਂ ਸੱਚੇ ਪਾਤਿਸ਼ਾਹ ਜੀ ਦੀ ਪਰਵਾਨਗੀ ਨਾਲ ੬੦ ਲਖ ੭੦ ਹਜਾਰ (੬੦੭੦੦੦੦) ਭਗੌਤੀਆਂ ਦੇ ਪਾਠ ਹੋਏ ਅਤੇ ਇਕ ਪਾਠ ਪਿਪਲ ਥੱਲੇ ਦਸਮ ਜੀ ਦੇ ਵਡਿ ਤੀਰਥ ਪੋਥੀ ਮੁਤਾਬਿਕ ਕੀਤਾ ਗਿਆ – ਜਿਸ ਦੀ ਸੇਵਾ ਸਹੇਵਾ ਸਾਹਿਬ ਦੇ ਨਗਰ ਨਿਵਾਸੀ ਸਾਧੂ ਸਿੰਘ ਵਲੋਂ ਹੋਈ ।

੨੨ ਵਿਸਾਖ ੨੦੦੯ ਬਿ: ਨੂੰ ਜੈ ਸਿੰਘ ਗੁਜਰਾਂ ਵਾਲੇ ਵਲੋਂ ਇਕ ਅਖੰਡ ਪਾਠ ਦਾ ਭੋਗ ਪਵਾਇਆ । ਉਸ ਸਾਲ ਅਜੇ ਪਿਪਲ ਵਿਚ ਜੰਡ ੧ ਫੁਟ ਲੰਬਾ ਦੋ ਢਾਈ ਇੰਚ ਚੌੜਾ ਸੀ ।